Punjab Government Gazette

Published by Authority

No. 20] CHANDIGARH, FRIDAY, MAY 15, 2026 (VAISAKHA 25 , 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਡਾਇਰੈਕਟੋਰੇਟ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ

ਖੇਤੀ ਭਵਨ, ਪਲਾਟ ਨੰ: 204, ਨੇੜੇ ਦਾਰਾ ਸਟੂਡੀਓ, ਫੇਜ਼-6, ਐਸ.ਏ.ਐਸ. ਨਗਰ (ਮੋਹਾਲੀ)

(ਅਮਲਾ-2 ਸ਼ਾਖਾ)

ਹੁਕਮ

ਇਹ ਕਿ ਸ਼੍ਰੀ ਤਨਦੀਪ ਸਿੰਘ, ਸੀਨੀਅਰ ਤਕਨੀਕੀ ਸਹਾਇਕ ਦੀ ਜਿਆਲੋਜਿਸਟ/ਹਾਈਡਰਾਲੋਜਿਸਟ, ਗਰਾਉਡ ਵਾਟਰ ਸੈੱਲ, ਡਾਵੀਜਨ ਨੰ: 2, ਪੰਜਾਬ, ਐਸ.ਏ.ਐਸ.ਨਗਰ ਵੱਲੋਂ ਪੱਤਰ ਨੰ: 89, ਮਿਤੀ: 16-02-2021 ਰਾਹੀਂ ਮਿਤੀ: 15-02-2021 ਤੋਂ 16-03-2021 ਤੱਕ (30 ਦਿਨਾਂ) ਅਤੇ ਪੱਤਰ ਨੰ: 224, ਮਿਤੀ: 30-04-2021 ਰਾਹੀਂ ਮਿਤੀ: 16-03-2021 ਤੋਂ 14-05-2021 (59 ਦਿਨਾਂ) ਦੀ ਕੁੱਲ (87 ਦਿਨਾਂ) ਦੀ ਕਮਾਈ ਛੁੱਟੀ ਮੰਨਜੂਰ ਕੀਤੀ ਗਈ ਸੀ, ਇਸ ਉਪਰੰਤ ਕਰਮਚਾਰੀ ਵੱਲੋਂ ਮਿਤੀ: 17-05-2021 ਤੋਂ ਮਿਤੀ 04-06-2021 ਤੱਕ ਹੋਰ ਛੁੱਟੀ ਦੀ ਆਰਜੀ ਦਿੱਤੀ ਗਈ ਲੇਕਿਨ ਕਰਮਚਾਰੀ ਦੇ ਖਾਤੇ ਵਿੱਚ ਛੁੱਟੀ ਬਕਾਇਆ ਨਾ ਹੋਣ ਕਰਕੇ ਦਫਤਰ ਜਿਆਲੋਜਿਸਟ/ਹਾਈਡਰਾਲੋਜਿਸਟ,ਗ.ਵ.ਸ. ਡਵੀਜਨ ਨੰ: 2,ਐਸ.ਏ.ਐਸ.ਨਗਰ ਵੱਲੋਂ ਪੱਤਰ ਨੰ: ਅਮਲਾ (ਜ/ਹ)-2/241 ਮਿਤੀ: 24-05-2021, ਪੱਤਰ ਨੰ: 269 ਮਿਤੀ: 22-06-2021, ਪੱਤਰ ਨੰ: 365 ਮਿਤੀ: 17-08-2021 ਅਤੇ ਪੱਤਰ ਨੰ: 305 ਮਿਤੀ: 13-07-2021 ਰਾਹੀਂ ਕਰਮਚਾਰੀ ਨੂੰ ਸੂਚਿਤ ਕਰਦੇ ਹੋਏ ਤੁਰੰਤ ਡਿਊਟੀ ਤੇ ਹਾਜ਼ਰ ਹੋਣ ਲਈ ਲਿਖਿਆ ਗਿਆ ਸੀ। ਪਰ ਕਰਮਚਾਰੀ ਆਪਣੀ ਡਿਊਟੀ ਤੇ ਹਾਜ਼ਰ ਨਹੀਂ ਹੋਇਆ। ਇਸ ਲਈ ਕਰਮਚਾਰੀ ਨੂੰ ਮਿਤੀ: 17-05-2021 ਤੋਂ ਲਗਾਤਾਰ ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਕਾਰਨ ਇਸ ਦਫਤਰ ਦੇ ਯਾਦ ਪੱਤਰ ਨੰ: 2-5531/ਅ2(1)/2021/3702 ਮਿਤੀ: 29-10-2021 ਰਾਹੀਂ ਪੰਜਾਬ ਸਿਵਲ ਸੇਵਾਵਾਂ (ਦੰਡ ਤੇ ਅਪੀਲ) ਨਿਯਮ 1970 ਦੇ 10 ਅਧੀਨ ਕਾਰਨ ਦੱਸੋ ਨੋਟਿਸ ਹੇਠ ਲਿਖੇ ਦੋਸ਼ਾਂ ਤਹਿਤ ਜਾਰੀ ਕੀਤਾ ਗਿਆ ਸੀ:-

1. ਬਿਨ੍ਹਾ ਛੁੱਟੀ ਪ੍ਰਵਾਨ ਕਰਵਾਏ ਲਗਾਤਾਰ ਡਿਊਟੀ ਤੋਂ ਗੈਰ-ਹਾਜ਼ਰ ਰਹਿਣਾ।
2. ਸਰਕਾਰੀ ਕੰਮ ਵਿੱਚ ਰੁਕਾਵਟ ਪਾਉਣਾ।
3. ਅਸਤੀਫਾ ਸਰਕਾਰ ਦੇ ਰੂਲਾਂ ਮੁਤਾਬਕ ਨਾ ਦੇਣਾ।
4. ਹੁਕਮਾਂ ਦੀ ਅਦੁਲੀ ਕਰਨਾ।

ਇਹ ਕਿ ਕਰਮਚਾਰੀ ਨੂੰ ਇਸ ਨੋਟਿਸ ਦੀ ਕਾਪੀ ਦਫਤਰ ਜਿਆਲੋਜਿਸਟ/ਹਾਈਡਰਾਲੋਜਿਸਟ ਗ.ਵ.ਸ. ਡਵੀਜਨ ਨੰ: 2, ਐਸ.ਏ.ਐਸ.ਨਗਰ ਵੱਲੋਂ ਪੱਤਰ ਨੰ: 3703 ਮਿਤੀ: 29-10-2021 ਰਾਹੀਂ ਸਰਵ ਕਰਵਾਉਣ ਲਈ ਉਸਦੇ ਘਰੇਲੂ ਪਤੇ ਤੇ ਭੇਜੀ ਗਈ,ਜਿਸ ਨੂੰ ਕਰਮਚਾਰੀ ਦੇ ਪਿਤਾ ਵੱਲੋਂ ਰਸੀਵ ਕੀਤਾ ਗਿਆ। ਇਸ ਉਪਰੰਤ ਇਸ ਵਿਭਾਗ ਦੇ ਮੀਮੋ ਨੰ: 25531/ਅ2(1)/2022/432 ਮਿਤੀ: 11.02.2022 ਰਾਹੀਂ ਡਾਇਰੈਕਟਰ, ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ,

ਚੰਡੀਗੜ੍ਹ ਰਾਹੀਂ ਮਿਤੀ: 30-07-2022 ਨੂੰ ਪਬਲਿਕ ਨੋਟਿਸ ਪ੍ਰਚਲਿਤ ਅਖਬਾਰਾਂ (ਪੰਜਾਬੀ ਟ੍ਰਿਬਿਊਨ, ਅਜੀਤ ਅਤੇ ਰੋਜਾਨਾ ਸਪੋਕਸਮੈਨ) ਵਿੱਚ ਛਪਵਾਇਆ ਗਿਆ।

ਇਹ ਕਿ ਇਸ ਦਫਤਰ ਦੇ ਅੰ.ਵਿ.ਪੱ.ਨੰ: 2-5531/ਅ2(1)/1939 ਮਿਤੀ: 27-06-2022 ਰਾਹੀਂ ਸ਼੍ਰੀ ਜਸਵੰਤ ਸਿੰਘ, ਸੰਯੁਕਤ ਡਾਇਰੈਕਟਰ ਖੇਤੀਬਾੜੀ (ਹ.ਜ) ਨੂੰ ਕਰਮਚਾਰੀ ਦੀ ਗੈਰ-ਹਾਜ਼ਰੀ ਦੇ ਸਬੰਧ ਵਿੱਚ ਪੜਤਾਲ ਕਰਨ ਲਈ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ।ਪੜਤਾਲੀਆ ਅਫਸਰ ਵੱਲੋਂ ਆਪਣੇ ਪੱਤਰ ਨੰ: 1202/ਸੰ.ਡ.ਖ(ਹ.ਜ) ਮਿਤੀ: 20-09-2022 ਰਾਹੀਂ ਪੇਸ਼ ਕੀਤੀ ਪੜਤਾਲ ਰਿਪੋਰਟ ਵਿੱਚ ਸਪੱਸ਼ਟ ਕੀਤਾ ਗਿਆ ਕਿ ਕਰਮਚਾਰੀ ਨੂੰ ਵਾਰ-ਵਾਰ ਲਿਖਣ ਦੇ ਬਾਵਜੂਦ ਆਪਣਾ ਪੱਖ ਪੇਸ਼ ਕਰਨ ਲਈ ਹਾਜ਼ਰ ਨਹੀਂ ਹੋਇਆ। ਇਸ ਲਈ ਸ਼੍ਰੀ ਤਨਦੀਪ ਸਿੰਘ, ਸੀਨੀਅਰ ਤਕਨੀਕੀ ਸਹਾਇਕ ਵਿਰੁੱਧ ਲਗਾਏ ਗਏ ਦੋਸ਼ ਸਾਬਿਤ ਹੁੰਦੇ ਹਨ। ਕਰਮਚਾਰੀ ਵਿਰੁੱਧ ਪੰਜਾਬ ਸਰਕਾਰ ਦੇ ਰੂਲਾਂ ਅਨੁਸਾਰ ਕਰਵਾਈ ਕਰਨ ਦੀ ਸ਼ਿਫਾਰਿਸ ਕੀਤੀ ਹੈ।

ਇਹ ਕਿ ਸ਼੍ਰੀ ਤਨਦੀਪ ਸਿੰਘ, ਸੀਨੀਅਰ ਤਕਨੀਕੀ ਸਹਾਇਕ ਜੋ ਕਿ ਮਿਤੀ: 17-05-2021 ਤੋਂ ਲਗਾਤਾਰ ਡਿਊਟੀ ਤੋਂ ਗੈਰ-ਹਾਜ਼ਰ ਚਲ ਰਿਹਾ ਹੈ, ਜਿਸ ਦੀ ਗੈਰ-ਹਾਜ਼ਰੀ ਨੂੰ ਇੱਕ ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ। ਇਸ ਸਬੰਧ ਵਿੱਚ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਵੱਲੋਂ ਪੱਤਰ ਨੰ:2/1/2017/-3-ਐਫ.ਪੀ.2/189, ਮਿਤੀ: 12-05-2017 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਜੇਕਰ ਕੋਈ ਅਧਿਕਾਰੀ/ਕਰਮਚਾਰੀ ਬਿਨ੍ਹਾਂ ਛੁੱਟੀ ਮੰਨਜੂਰ ਕਰਵਾਏ ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਰਹਿੰਦਾ ਹੈ ਅਤੇ ਇਹ ਗੈਰ-ਹਾਜ਼ਰੀ ਦਾ ਸਮਾਂ ਚਲਦੇ ਨੂੰ ਇੱਕ ਸਾਲ ਤੋਂ ਵੱਧ ਦਾ ਸਮਾਂ ਹੋ ਜਾਂਦਾ ਹੈ ਤਾਂ ਉਸ ਵੱਲੋਂ ਸਰਕਰੀ ਸਰਵਿਸ ਤੋਂ ਅਸਤੀਫਾ ਦਿੱਤਾ ਸਮਝਿਆ ਜਾਵੇਗਾ, ਭਾਵ ਉਸ ਵੱਲੋਂ ਸਰਕਾਰੀ ਸਰਵਿਸ ਤੋਂ Deemed Resignation ਮੰਨਿਆ ਜਾਵੇਗਾ।

ਇਸ ਲਈ ਉੱਕਤ ਤੱਥਾਂ ਅਤੇ ਸਰਕਾਰੀ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਪੂਰੀ ਗੱਹੁ ਨਾਲ ਵਿਚਾਰਕੇ ਮੈਂ, ਗੁਰਵਿੰਦਰ ਸਿੰਘ, ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ, ਐਸ.ਏ.ਐਸ. ਨਗਰ ਸ਼੍ਰੀ ਤਨਦੀਪ ਸਿੰਘ ਪੁੱਤਰ ਸ਼੍ਰੀ ਜਸਵੰਤ ਸਿੰਘ, ਸੀਨੀਅਰ ਤਕਨੀਕੀ ਸਹਾਇਕ ਜੋ ਕਿ ਦਫਤਰ ਜਿਆਲੋਜਿਸਟ/ਹਾਈਡ੍ਰੋਲੋਜਿਸਟ, ਗ.ਵ.ਸ ਡਵੀਜਨ ਨੰ: 2, ਪੰਜਾਬ, ਮੋਹਾਲੀ ਵਿਖੇ ਅਧੀਨ ਤੈਨਾਤ ਸੀ, ਨੂੰ ਮਿਤੀ: 17-05-2021 ਤੋਂ ਲਗਾਤਾਰ ਹੁਣ ਤੱਕ ਆਪਣੀ ਡਿਊਟੀ ਤੋਂ ਬਿਨ੍ਹਾਂ ਆਗਿਆ ਗੈਰ-ਹਾਜ਼ਰ ਰਹਿਣ ਕਾਰਨ ਮਿਤੀ: 17-05-2021 ਤੋਂ ਸਰਕਾਰੀ ਸੇਵਾਵਾਂ ਤੋਂ ਅਸਤੀਫਾ ਮੰਨਦੇ ਹੋਏ ਉਸ ਦੀਆਂ ਸੇਵਾਵਾਂ ਸਮਾਪਤ ਕਰਦਾ ਹਾਂ।

ਕਰਮਚਾਰੀ ਦਾ ਪੱਕਾ ਪਤਾ ਹੇਠ ਲਿਖੇ ਅਨੁਸਾਰ ਹੈ:-
ਸ਼੍ਰੀ ਤਨਦੀਪ ਸਿੰਘ ਪੁੱਤਰ ਸ਼੍ਰੀ ਜਸਵੰਤ ਸਿੰਘ
ਮਕਾਨ ਨੰ: 3525 ਸੈਕਟਰ 71, ਐਸ.ਏ.ਐਸ.ਨਗਰ
ਈ.ਮੇਲ:- tandeepsinghdhaliwal@gmail.com

ਗੁਰਵਿੰਦਰ ਸਿੰਘ
ਡਾਇਰੈਕਟਰ ਖੇਤੀਬਾੜੀ ਅਤੇ
ਕਿਸਾਨ ਭਲਾਈ ਵਿਭਾਗ, ਪੰਜਾਬ

ਮਿਤੀ 25 ਨਵਬੰਰ, 2022

3716/5-2026/Pb. Govt. Press, S.A.S. Nagar